# ਪੰਜਾਬੀ ਭਾਸ਼ਾ ਪਸਾਰ ਭਾਈਚਾਰਾ

(ਵੈਨਕੂਵਰ ਇਕਾਈ, ਕਨੇਡਾ)
10531 #2 Road, Richmond, British Columbia V7E 2E5 Canada
**Kuldip Singh – Tel: 1.604.339.7117 - email: imkuldipsingh@yahoo.com**

19-10-2020

ਵੱਲ

ਸਤਿਕਾਰਯੋਗ ਕੈਪਟਨ ਅਮਰਿੰਦਰ ਸਿੰਘ ਜੀ,
ਮੁੱਖ ਮੰਤਰੀ, ਪੰਜਾਬ ਸਰਕਾਰ,
ਚੰਡੀਗੜ੍ਹ।
ਰਾਹੀਂ Email ID: cmo@punjab.gov.in

ਵਿਸ਼ਾ: ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਸਾਹਿਤਕਾਰਾਂ ਨੂੰ ਦਿੱਤੇ ਜਾਂਦੇ ਸ਼੍ਰੋਮਣੀ ਪੁਰਸਕਾਰਾਂ ਦੀ ਚੋਣ ਸਮੇਂ ਭਾਸ਼ਾ ਵਿਭਾਗ ਦੇ ਸਲਾਹਕਾਰ ਬੋਰਡ ਵੱਲੋਂ ਕੀਤੀਆਂ ਜਾਂਦੀਆਂ ਬੇਨਿਯਮੀਆਂ ਅਤੇ ਭਾਈ-ਭਤੀਜਾਵਾਦ ਨੂੰ ਠੱਲ ਪਾਉਣ ਅਤੇ ਯੋਗ ਸਹਿਤਕਾਰਾਂ ਨੂੰ ਪੁਰਸਕਾਰ ਦੇਣੇ ਯਕੀਨੀ ਬਣਾਉਣ ਲਈ ਬੇਨਤੀ।

ਸ੍ਰੀ ਮਾਨ ਜੀ,

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਇੱਕ ਅੰਤਰ-ਰਾਸ਼ਟਰੀ ਸੰਸਥਾ ਹੈ। ਇਸ ਦੀਆਂ 13 ਦੇਸ਼ਾਂ, ਅਤੇ ਪੰਜਾਬ ਦੇ 14 ਜ਼ਿਲ੍ਹਿਆਂ ਅਤੇ 7 ਤਹਿਸੀਲਾਂ ਵਿਚ ਇਕਾਈਆਂ ਹਨ। ਇਹ ਸੰਸਥਾ ਕੈਨੇਡਾ ਵਿਚ ਰਜਿਸਟਰਡ ਹੈ ਅਤੇ ਇਸ ਦਾ ਮੁੱਖ ਦਫ਼ਤਰ ਵੈਨਕੂਵਰ ਵਿਚ ਹੈ। ਪਿਛਲੇ 2 ਸਾਲ ਤੋਂ ਇਹ ਸੰਸਥਾ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਸੰਘਰਸ਼ਸ਼ੀਲ ਹੈ।

ਖੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਹਰ ਸਾਲ ਪੰਜਾਬੀ, ਹਿੰਦੀ, ਸੰਸਕ੍ਰਿਤ ਅਤੇ ਉਰਦੂ ਭਾਸ਼ਾ ਦੇ ਸਾਹਿਤਕਾਰਾਂ, ਪਤਰਕਾਰਾਂ, ਰੰਗਕਰਮੀਆਂ ਆਦਿ ਨੂੰ ਵੱਡੇ ਪੁਰਸਕਾਰ ਦਿੱਤੇ ਜਾਂਦੇ ਹਨ। ਇਹ ਪੁਰਸਕਾਰ ਭਾਸ਼ਾ ਵਿਭਾਗ ਦੇ ਰਾਹੀਂ ਅਤੇ ਭਾਸ਼ਾ ਵਿਭਾਗ ਦੇ ਸਲਾਹਕਾਰ ਬੋਰਡ ਦੀਆਂ ਸਿਫ਼ਾਰਸ਼ਾਂ ਤੇ ਦਿੱਤੇ ਜਾਂਦੇ ਹਨ। ਪਿਛਲੇ 6 ਸਾਲ ਤੋਂ ਇਹ ਇਨਾਮ ਨਹੀਂ ਦਿੱਤੇ ਗਏ। ਹੁਣ 120 ਦੇ ਕਰੀਬ ਪੁਰਸਕਾਰ ਦਿੱਤੇ ਜਾਣੇ ਹਨ। ਪੰਜਾਬ ਸਰਕਾਰ ਵੱਲੋਂ ਇਹ ਪੁਰਸਕਾਰ ਦੇਣ ਲਈ ਪਹਿਲਾਂ ਭਾਸ਼ਾ ਵਿਭਾਗ ਦੇ ਸਲਾਹਕਾਰ ਬੋਰਡ ਦਾ ਗਠਨ ਕੀਤਾ ਗਿਆ ਸੀ। ਹੁਣ ਪੰਜਾਬ ਸਰਕਾਰ ਵੱਲੋਂ ਇਨਾਮਾਂ ਲਈ ਯੋਗ ਉਮੀਦਵਾਰਾਂ ਦੀ ਸੂਚੀ ਦੀ ਘੋਖ ਲਈ, ਇੱਕ ਸਕਰੀਨਿੰਗ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਸਬੰਧੀ ਨੋਟੀਫ਼ਿਕੇਸ਼ਨ 15 ਸਤੰਬਰ 2020 ਨੂੰ ਜਾਰੀ ਕੀਤੀ ਗਈ ਹੈ।

**ਪਿਛਲੇ ਬੋਰਡਾਂ ਦੀ ਕਾਰਗੁਜ਼ਾਰੀ**

ਬੜੇ ਦੁੱਖ ਨਾਲ ਆਪ ਜੀ ਦੇ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ ਕਿ ਭਾਸ਼ਾ ਵਿਭਾਗ ਦੇ ਪਿਛਲੇ ਸਲਾਹਕਾਰ ਬੋਰਡਾਂ ਦੀ ਇਨਾਮਾਂ ਦੀ ਚੋਣ ਸਮੇਂ ਨਿਭਾਈ ਭੂਮਿਕਾ ਤਸੱਲੀਬਖ਼ਸ਼ ਨਹੀਂ ਰਹੀ। ਉਨ੍ਹਾਂ ਦੇ ਫ਼ੈਸਲਿਆਂ ਤੇ ਉਂਗਲਾਂ ਉੱਠਦੀਆਂ ਰਹੀਆਂ ਹਨ। ਨਵੇਂ ਸਲਾਹਕਾਰ ਬੋਰਡ ਅਤੇ ਸਕਰੀਨਿੰਗ ਕਮੇਟੀ ਵਿਚ ਵੀ ਕਈ ਪੁਰਾਣੇ ਮੈਂਬਰ ਸ਼ਾਮਲ ਹਨ। ਹੁਣ ਵੀ ਪੰਜਾਬੀ ਭਾਈਚਾਰੇ ਨੂੰ ਬੋਰਡ ਵੱਲੋਂ ਬਹੁਤੀ ਨਿਰਪੱਖਤਾ ਦੀ ਉਮੀਦ ਨਹੀਂ ਹੈ। ਪਿਛਲੇ ਬੋਰਡਾਂ ਦੀ ਕਾਰਗੁਜ਼ਾਰੀ ਦੀਆਂ ਕੁਝ ਉਦਾਹਰਣਾਂ ਹੇਠਾਂ ਦਰਜ ਹਨ:

1. ਪਿਛਲੇ ਸਮਿਆਂ ਵਿਚ ਇਹ ਦੇਖਣ ਵਿਚ ਆਇਆ ਹੈ ਕਿ ਅਕਸਰ ਸਲਾਹਕਾਰ ਬੋਰਡ ਦੇ ਮੈਂਬਰ ਖ਼ੁਦ ਹੀ ਇਨਾਮ ਪ੍ਰਾਪਤ ਕਰ ਲੈਂਦੇ ਹਨ। ਜਦੋਂ ਉਨ੍ਹਾਂ ਦੇ ਨਾਂ ਦੀ ਤਜਵੀਜ਼ ਹੁੰਦੀ ਹੈ ਤਾਂ ਉਹ ਮੀਟਿੰਗ ਵਿਚੋਂ ਉੱਠ ਕੇ ਬਾਹਰ ਚਲੇ ਜਾਂਦੇ ਹਨ ਅਤੇ ਨਾਂ ਦੀ ਤਾਇਦ ਹੋਣ ਬਾਅਦ ਮੀਟਿਗ ਵਿਚ ਸ਼ਾਮਲ ਹੋ ਕੇ ਅਗਲੀ ਪ੍ਰਕ੍ਰਿਆ ਵਿਚ ਸ਼ਾਮਲ ਹੋ ਜਾਂਦੇ ਹਨ। ਲੇਖਕਾਂ ਦੀ ਇਸ ਲਾਲਸਾ ਨੇ ਸਲਾਹਕਾਰ ਬੋਰਡ ਦੀ ਨਿਰਪੱਖਤਾ ਨੂੰ ਵੱਡੀ ਢਾਹ ਲਾਈ ਹੈ।

2. ਪਿਛਲੇ ਸਮਿਆਂ ਵਿਚ, ਉਮੀਦਵਾਰ ਚੁਣਨ ਲਈ ਸਮੁੱਚੇ ਸਲਾਹਕਾਰ ਬੋਰਡ ਦੀ ਮੀਟਿੰਗ ਕੀਤੀ ਜਾਂਦੀ ਰਹੀ ਹੈ। ਭਾਸ਼ਾ ਵਿਭਾਗ ਵੱਲੋਂ, ਸਬ-ਕਮੇਟੀ/ਸਕਰੀਨਿੰਗ ਕਮੇਟੀ ਵੱਲੋਂ ਸੁਝਾਏ ਗਏ ਨਾਂ ਬੋਰਡ ਅੱਗੇ ਰੱਖ ਦਿੱਤੇ ਜਾਂਦੇ ਹਨ। ਬੋਰਡ ਬਿਨ੍ਹਾਂ ਕਿਸੇ ਗਹਿਰੀ ਸੋਚ-ਵਿਚਾਰ ਦੇ, ਜ਼ੁਬਾਨੀ ਤੌਰ ਤੇ ਨਾਂ ਦੀ ਸਿਫ਼ਾਰਸ਼ ਕਰ ਦਿੰਦਾ ਹੈ। ਜੇ ਕਦੇ ਸਰਵ-ਸੰਮਤੀ ਨਾਲ ਫ਼ੈਸਲਾ ਨਾ ਹੋਵੇ ਤਾਂ ਹੱਥ ਖੜ੍ਹੇ ਕਰਕੇ, ਵੋਟਾਂ ਤੱਕ ਪਾ ਲਈਆਂ ਜਾਂਦੀਆਂ ਹਨ। ਝੱਟ-ਪਟ ਇਨਾਮ ਚੁਣਨ ਵਾਲੀ ਇਹ ਪ੍ਰਕ੍ਰਿਆ ਤਰਕਸ਼ੀਲ ਨਹੀਂ ਹੈ। ਨਾਵਾਂ ਦੀ ਬਹੁਤਾਤ ਹੋਣ ਕਾਰਨ ਚੋਣ ਵਿਚ ਕਾਹਲ ਕੀਤੀ ਜਾਂਦੀ ਰਹੀ ਹੈ। ਇਸ ਵਾਰ ਤਾਂ 100 ਤੋਂ ਵੱਧ ਨਾਵਾਂ ਦਾ ਫ਼ੈਸਲਾ ਹੋਣਾ ਹੈ। ਇਸ ਲਈ ਉਮੀਦਵਾਰਾਂ ਦੇ ਨਾਵਾਂ ਦੀ ਚੋਣ ਵਾਲੀ ਮੀਟਿੰਗ ਵਿਚ ਕਾਂਵਾਂ-ਰੌਲੀ ਪੈਣ ਅਤੇ ਆਪ-ਹੁਦਰੀਆਂ ਹੋਣ ਦੀ ਵੱਧ ਸੰਭਾਵਨਾ ਹੈ।

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਆਪ ਜੀ ਨੂੰ ਬੇਨਤੀ ਕਰਦਾ ਹੈ ਕਿ ਆਪ ਆਪਣੀ ਨਿੱਜੀ ਪ੍ਰਬੁੱਧਤਾ, ਇਮਾਨਦਾਰੀ, ਨਿਡਰਤਾ ਅਤੇ ਇੱਕ ਨਿਰਪੱਖ ਅਖ਼ਬਾਰ ਦੇ ਸੰਪਾਦਕ ਦੇ ਰੂਪ ਵਿਚ, ਇਨਾਮਾਂ ਦੀ ਪ੍ਰਕ੍ਰਿਆ ਸ਼ੁਰੂ ਹੋਣ ਤੋਂ ਪਹਿਲਾਂ ਹੀ, ਪੰਜਾਬ ਸਰਕਾਰ ਦੇ ਭਾਸ਼ਾ ਸਬੰਧੀ ਸਲਾਹਕਾਰ ਬੋਰਡ ਦੇ ਨੁਮਾਇੰਦੇ ਵਜੋਂ, ਹੇਠ ਲਿਖੇ ਨੁਕਤੇ ਪੰਜਾਬ ਸਰਕਾਰ ਦੇ ਧਿਆਨ ਵਿਚ ਲਿਆ ਕੇ ਇਨਾਮਾਂ ਦੀ ਚੋਣ ਲਈ ਕਾਨੂੰਨੀ ਪ੍ਰਕ੍ਰਿਆ ਅਪਣਾਏ ਜਾਣ ਦੀ ਸਿਫ਼ਾਰਸ਼ ਕਰਕੇ, ਪੰਜਾਬ ਸਰਕਾਰ ਨੂੰ ਇਨਾਮਾਂ ਦੀ ਪ੍ਰਕ੍ਰਿਆ ਨੂੰ ਕਾਨੂੰਨੀ ਅਤੇ ਪਾਰਦਰਸ਼ੀ ਬਣਾਉਣ ਲਈ ਨਿਯਮ ਬਣਾਉਣ ਲਈ ਪ੍ਰੇਰੋ।

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਚਾਹੁੰਦਾ ਹੈ ਕਿ ਪੰਜਾਬ ਸਰਕਾਰ ਦੀ ਪੰਜਾਬੀ ਅਤੇ ਹੋਰ ਭਾਸ਼ਾਵਾਂ ਦੇ ਸਾਹਿਤਕਾਰਾਂ, ਪੱਤਰਕਾਰਾਂ, ਰੰਗਕਰਮੀਆਂ ਆਦਿ ਨੂੰ ਸਨਮਾਨਿਤ ਕਰਨ ਦੀ ਸ਼ੁੱਭ ਭਾਵਨਾ ਨੂੰ ਗ੍ਰਹਿਣ ਨਾ ਲੱਗੇ। ਨਵੇਂ ਸਲਾਹਕਾਰ ਬੋਰਡ ਦੇ ਮੈਂਬਰ ਅਜਿਹੇ ਫ਼ੈਸਲੇ ਕਰਨ ਵਿਚ ਸਫ਼ਲ ਨਾ ਹੋਣ ਜਿਨ੍ਹਾਂ ਨਾਲ ਪੰਜਾਬ ਸਰਕਾਰ ਦੀ ਨਿਰਪੱਖਤਾ ਨੂੰ ਠੇਸ ਲੱਗੇ।

ਇਨਾਮ ਦੇਣ ਦੀ ਚੋਣ ਪ੍ਰਕ੍ਰਿਆ ਨੂੰ ਪਾਰਦਰਸ਼ੀ ਬਣਾਉਣ ਲਈ ਭਾਈਚਾਰਾ ਆਪ ਜੀ ਨੂੰ ਕੁਝ ਸੁਝਾਅ ਦੇ ਰਿਹਾ ਹੈ।

**ਭਾਈਚਾਰੇ ਵੱਲੋਂ ਸੁਝਾਏ ਜਾ ਰਹੇ ਕੁਝ ਨੁਕਤੇ**

1. ਪੰਜਾਬ ਸਰਕਾਰ ਵੱਲੋਂ ਹਰ ਸਾਲ ਇੱਕ ਦਰਜਨ ਦੇ ਲਗਭਗ ਸਾਹਿਤਕਾਰਾਂ, ਪੱਤਰਕਾਰਾਂ ਆਦਿ ਨੂੰ ਪੁਰਸਕਾਰ ਦਿੱਤੇ ਜਾਂਦੇ ਹਨ। ਇਨ੍ਹਾਂ ਵਿਚੋਂ ਇੱਕ ਪੁਰਸਕਾਰ 10 ਲੱਖ ਰੁਪਏ ਦਾ ਅਤੇ 20 ਦੇ ਲਗਭਗ ਪੰਜ ਲੱਖ ਰੁਪਏ ਦੇ ਹੁੰਦੇ ਹਨ। ਇਸ ਤਰ੍ਹਾਂ ਪੰਜਾਬ ਸਰਕਾਰ ਹਰ ਸਾਲ ਇਸ ਕਾਰਜ ਲਈ ਸਵਾ ਕਰੋੜ ਰੁਪਏ ਦੇ ਲਗਭਗ ਖਰਚ ਕਰਦੀ ਹੈ। ਇਨੀ ਰਕਮ ਖਰਚੇ ਜਾਣ ਦੇ ਬਾਵਜੂਦ ਹਾਲੇ ਤੱਕ ਪੰਜਾਬ ਸਰਕਾਰ ਨੇ ਇਨਾਮਾਂ ਦੀ ਚੋਣ ਲਈ ਨਿਯਮ ਨਹੀਂ ਬਣਾਏ ਗਏ। ਇਨ੍ਹਾਂ ਇਨਾਮਾਂ ਦੀ ਚੋਣ ਲਈ ਕੀ ਪ੍ਰਕ੍ਰਿਆ ਅਪਣਾਈ ਜਾਵੇ, ਇਸ ਬਾਰੇ ਭਾਸ਼ਾ ਵਿਭਾਗ ਅਤੇ ਸਲਾਹਕਾਰ ਬੋਰਡ ਹਨੇਰੇ ਵਿਚ ਹੈ। ਚੰਗਾ ਹੋਵੇ ਜੇ ਇਨਾਮ ਦੇਣ ਤੋਂ ਪਹਿਲਾਂ, ਗੰਭੀਰ ਸੋਚ-ਵਿਚਾਰ ਬਾਅਦ, ਪੰਜਾਬ ਸਰਕਾਰ ਵੱਲੋਂ ਇਨਾਮ ਦੇਣ ਸਬੰਧੀ ਨਿਯਮ ਬਣਾ ਲਏ ਜਾਣ। ਉਨ੍ਹਾਂ ਨਿਯਮਾਂ ਵਿਚ ਇਨਾਮਾਂ ਦੀ ਚੋਣ ਸਬੰਧੀ ਅਤੇ ਸਕਰੀਨਿੰਗ ਕਮੇਟੀ ਦੇ ਮੈਂਬਰਾਂ ਦੀਆਂ ਯੋਗਤਾਵਾਂ ਆਦਿ ਬਾਰੇ ਸਪੱਸ਼ਟ ਵਿਵਸਥਾਵਾਂ ਕਰ ਦਿੱਤੀਆਂ ਜਾਣ। ਇਸ ਵਾਰ, ਕਿਉਂਕਿ ਪਿਛਲੇ 6 ਸਾਲ ਦੇ ਇਨਾਮ ਦਿੱਤੇ ਜਾਣੇ ਹਨ, ਇਸ ਲਈ ਇਸ ਚੋਣ ਸਮੇਂ ਅਜਿਹੇ ਨਿਯਮਾਂ ਦੀ ਹੋਂਦ ਹੋਰ ਵੀ ਮਹੱਤਵਪੂਰਨ ਹੋ ਜਾਂਦੀ ਹੈ।

2. ਪੰਜਾਬ ਸਰਕਾਰ ਵੱਲੋਂ ਜਿਸ ਸਲਾਹਕਾਰ ਬੋਰਡ ਦੀ ਨਿਯੁਕਤੀ ਕੀਤੀ ਗਈ ਹੈ ਉਸ ਵਿਚ ਵੱਖ-ਵੱਖ ਕੇਂਦਰੀ ਲੇਖਕ ਸਭਾਵਾਂ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ, ਕਲਾ ਪ੍ਰੀਸ਼ਦ ਆਦਿ ਦੇ ਨੁਮਾਇੰਦਿਆਂ ਨੂੰ ਉਨ੍ਹਾਂ ਦੇ ਅਹੁੱਦੇਦਾਰ ਹੋਣ ਕਾਰਨ ਪ੍ਰਤੀਨਿਧਤਾ ਦਿੱਤੀ ਗਈ ਹੈ। ਇਨ੍ਹਾਂ ਪ੍ਰਤੀਨਿਧਾਂ ਨੂੰ ਅਗਾਂਹ ਸਕਰੀਨਿੰਗ ਕਮੇਟੀ ਵਿਚ ਵੀ ਨਿਯੁਕਤ ਕਰ ਦਿੱਤਾ ਗਿਆ ਹੈ। ਇਹ ਪ੍ਰਕ੍ਰਿਆ ਸਹੀ ਨਹੀਂ ਹੈ। ਇਹ ਪ੍ਰਤੀਨਿਧ ਲੇਖਕਾਂ ਵੱਲੋਂ ਚੋਣ ਪ੍ਰਕ੍ਰਿਆ ਅਪਣਾਏ ਜਾਣ ਬਾਅਦ ਚੁਣੇ ਜਾਂਦੇ ਹਨ। ਇਸ ਕਾਰਨ ਇਹ ਆਪਣੇ ਆਪਣੇ ਪੱਖੀਆਂ ਪ੍ਰਤੀ ਉਲਾਰ ਹੁੰਦੇ ਹਨ। ਇਨਾਮ ਦੇਣ ਦੀ ਪ੍ਰਕ੍ਰਿਆ ਵਿਚ ਸ਼ਾਮਲ ਹੋਣ ਦੀ ਥਾਂ ਕੇਂਦਰੀ ਲੇਖਕ ਸਭਾਵਾਂ ਆਦਿ ਦੇ ਅਹੁੱਦੇਦਾਰਾਂ ਦੀ ਜ਼ਿੰਮੇਵਾਰੀ, ਭਾਸ਼ਾ ਵਿਭਾਗ ਨੂੰ, ਉਨ੍ਹਾਂ ਲੇਖਕਾਂ ਦੇ ਨਾਵਾਂ ਦੀ ਸਿਫ਼ਾਰਸ਼ ਕਰਨ ਦੀ ਹੋਣੀ ਚਾਹੀਦੀ ਹੈ ਜਿਹੜੇ ਇਨ੍ਹਾਂ ਦੀ ਨਜ਼ਰ ਵਿਚ ਇਨਾਮ ਪ੍ਰਾਪਤ ਕਰਨ ਦੇ ਯੋਗ ਹੋਣ।

3. ਇਨਾਮ ਦੇਣ ਦੀ ਪ੍ਰਕ੍ਰਿਆ ਨੂੰ ਪਾਰਦਰਸ਼ੀ ਬਣਾਉਣ ਲਈ ਇਹ ਜ਼ਰੂਰੀ ਹੋਣਾ ਚਾਹੀਦਾ ਹੈ ਕਿ ਇਨਾਮ ਦੇਣ ਦੀ ਪ੍ਰਕ੍ਰਿਆ ਸ਼ੁਰੂ ਕਰਨ ਤੋਂ ਪਹਿਲਾਂ ਭਾਸ਼ਾ ਵਿਭਾਗ ਪੰਜਾਬ ਦੇ ਪ੍ਰਸਿੱਧ ਅਖ਼ਬਾਰਾਂ ਅਤੇ ਇਲੈਕਟ੍ਰੋਨਿਕ ਮੀਡੀਆ ਰਾਹੀਂ ਇਨਾਮਾਂ ਦੀ ਪ੍ਰਕ੍ਰਿਆ ਸ਼ੁਰੂ ਹੋਣ ਬਾਰੇ ਲੋਕਾਂ ਨੂੰ ਸੂਚਿਤ ਕਰੇ। ਨਾਲ ਹੀ ਸਧਾਰਣ ਵਿਅਕਤੀਆਂ ਅਤੇ ਲੇਖਕਾਂ ਆਦਿ ਨੂੰ ਇਨਾਮਾਂ ਲਈ ਆਪਣੀ ਪਸੰਦ ਦੇ ਨਾਂ ਤਜਵੀਜ਼ ਕਰਨ ਦੀ ਖੁੱਲ੍ਹ ਦਿੱਤੀ ਜਾਵੇ। ਸਿਫ਼ਾਰਸ਼ ਕਰਨ ਵਾਲੇ ਵਿਅਕਤੀ ਤੇ ਇਹ ਸ਼ਰਤ ਲਗਾਈ ਜਾਵੇ ਕਿ ਉਸ ਵੱਲੋਂ ਸੁਝਾਏ ਨਾਂ ਦੀ ਯੋਗਤਾ ਬਾਰੇ ਉਹ ਘੱਟੋ-ਘੱਟ 50 ਸਤਰਾਂ ਜ਼ਰੂਰ ਲਿਖ ਕੇ ਭੇਜੇ। ਇਸੇ ਤਰ੍ਹਾਂ ਪੰਜਾਬ/ਭਾਰਤ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਅਤੇ ਪ੍ਰਮੁੱਖ ਕਾਲਜਾਂ ਦੇ ਪੰਜਾਬੀ ਵਿਭਾਗਾਂ ਦੇ ਮੁੱਖੀਆਂ ਨੂੰ ਚਿੱਠੀਆਂ ਲਿਖ ਕੇ ਉਨ੍ਹਾਂ ਕੋਲੋਂ ਵੀ ਇਹ ਸਿਫ਼ਾਰਸ਼ਾਂ ਮੰਗੀਆਂ ਜਾਣ। ਹੋਰ ਅਦਾਰੇ ਵੀ ਇਸ ਪ੍ਰਕ੍ਰਿਆ ਵਿਚ ਸ਼ਾਮਲ ਕੀਤੇ ਜਾ ਸਕਦੇ ਹਨ।

4. ਇਸ ਤਰ੍ਹਾਂ ਪ੍ਰਾਪਤ ਹੋਈ ਉਮੀਦਵਾਰਾਂ ਦੀ ਸੂਚੀ ਨੂੰ, ਵਿਦਵਾਨਾਂ ਦੀ ਇੱਕ ਕਮੇਟੀ ਜਿਸ ਵਿਚ ਹਰ ਭਾਸ਼ਾ ਦੇ ਮਾਹਿਰ, ਯੂਨੀਵਰਸਿਟੀਆਂ ਦੇ ਪੰਜਾਬੀ/ਦੂਜੀ ਭਾਸ਼ਾ ਵਿਭਾਗਾਂ ਦੇ ਮੁੱਖੀ ਆਦਿ ਸ਼ਾਮਲ ਹੋਣ ਵਿਚਾਰੇ। ਇਸ ਕਮੇਟੀ ਵੱਲੋਂ ਪੈਰ੍ਹਾ ਨੰ:3 ਵਿਚ ਦਰਜ ਉਮੀਦਵਾਰਾਂ ਦੀ ਸੂਚੀ ਦੀ ਗਹਿਰਾਈ ਨਾਲ ਘੋਖ ਕਰਕੇ ਕੁਝ ਨਾਵਾਂ ਦੀ ਛਾਂਟੀ ਕਰ ਲਈ ਜਾਵੇ। ਕਮੇਟੀ ਵੱਲੋਂ ਪ੍ਰਗਟਾਈ ਗਈ ਰਾਏ ਲਿਖਤੀ ਅਤੇ ਵਜ਼ਨਦਾਰ ਹੋਵੇ।

5. ਸਕਰੀਨਿੰਗ ਕਮੇਟੀ ਵੱਲੋਂ ਸੁਝਾਏ ਨਾਵਾਂ ਦੀ ਅੰਤਿਮ ਪੜਤਾਲ ਪੰਜਾਬ ਸਰਕਾਰ ਵੱਲੋਂ ਨਿਯੁਕਤ ਕੀਤੀ ਗਈ ਤਿੰਨ-ਤਿੰਨ ਮੈਂਬਰਾਂ ਦੀ ਜਿਊਰੀ ਕਰੇ। ਹਰ ਭਾਸ਼ਾ ਦੀ ਵੱਖਰੀ ਜਿਊਰੀ ਹੋਵੇ। ਸਾਹਿਤਕਾਰਾਂ ਦੀ

ਚੋਣ ਕਰਨ ਲਈ ਸਾਹਿਤਕਾਰਾਂ ਦੀ ਜਿਊਰੀ, ਪੱਤਰਕਾਰਾਂ ਦੀ ਚੋਣ ਕਰਨ ਲਈ ਪੱਤਰਕਾਰਿਤਾ ਦੇ ਮਾਹਿਰਾਂ ਦੀ ਜਿਊਰੀ ਆਦਿ ਹੋਵੇ। ਇਸ ਸਮੇਂ ਉਮੀਦਵਾਰਾਂ ਦੀ ਚੋਣ ਵਿਚ ਹਰ ਭਾਸ਼ਾ ਅਤੇ ਹਰ ਖੇਤਰ ਦਾ ਨੁਮਾਇੰਦਾ ਹਿੱਸਾ ਲੈਂਦਾ ਹੈ। ਇਹ ਪ੍ਰਕ੍ਰਿਆ ਕਿਸੇ ਤਰ੍ਹਾਂ ਵੀ ਤਰਕਸੰਗਤ ਨਹੀਂ ਹੈ।

6. ਇਨਾਮਾਂ ਦੀ ਚੋਣ ਲਈ ਹੋਈ ਕਾਰਵਾਈ ਦੀ ਵਿਸਤ੍ਰਿਤ ਲਿਖਤੀ ਰਿਪੋਰਟ ਤਿਆਰ ਕੀਤੀ ਜਾਵੇ। ਨਾਲ ਹੀ ਇਸ ਕਾਰਵਾਈ ਦੀ ਵੀਡੀਓ ਰਿਕਾਰਡਿੰਗ ਵੀ ਹੋਵੇ। ਚੁਣੇ ਗਏ ਅਤੇ ਰੱਦ ਕੀਤੇ ਗਏ ਉਮੀਦਵਾਰਾਂ ਸਬੰਧੀ ਸਲਾਹਕਾਰ ਬੋਰਡ ਦੇ ਮੈਂਬਰਾਂ ਦੀਆਂ ਟਿੱਪਣੀਆਂ ਮੀਟਿੰਗ ਦੀ ਕਾਰਵਾਈ ਵਿਚ ਦਰਜ ਹੋਣ। ਫੇਰ ਇਸ ਕਾਰਵਾਈ ਨੂੰ ਸਰਵਜਨਕ ਕੀਤਾ ਜਾਵੇ।

7. ਨਵੇਂ ਬਣਨ ਵਾਲੇ ਨਿਯਮਾਂ ਵਿਚ ਇਹ ਵਿਵਸਥਾ ਹੋਵੇ ਕਿ ਸਲਾਹਕਾਰ ਬੋਰਡ ਦਾ ਮੈਂਬਰ ਇਨਾਮ ਪ੍ਰਾਪਤ ਕਰਨ ਦੇ ਯੋਗ ਨਾ ਹੋਵੇ।

ਇਹ ਸੁਝਾਅ ਅੰਤਿਮ ਨਹੀਂ ਹਨ। ਪੰਜਾਬ ਸਰਕਾਰ ਅਖ਼ਬਾਰਾਂ, ਟੀ.ਵੀ. ਚੈਨਲਾਂ ਅਤੇ ਹੋਰ ਸਾਧਨਾਂ ਰਾਹੀਂ ਇਨ੍ਹਾਂ ਸੁਝਾਵਾਂ ਤੋਂ ਬਿਨ੍ਹਾਂ ਹੋਰ ਉੱਤਮ ਸੁਝਾਅ ਵੀ ਪ੍ਰਾਪਤ ਕਰ ਸਕਦੀ ਹੈ। ਗਹਿਰ ਗੰਭੀਰ ਵਿਚਾਰ-ਵਟਾਂਦਰੇ ਬਾਅਦ ਪ੍ਰਾਪਤ ਹੋਏ ਸੁਝਾਵਾਂ ਦੇ ਅਧਾਰ ਤੇ ਪੰਜਾਬ ਸਰਕਾਰ ਇਨ੍ਹਾਂ ਇਨਾਮਾਂ ਨੂੰ ਦੇਣ ਲਈ ਨਿਯਮ ਬਣਾ ਸਕਦੀ ਹੈ। ਤਾਂ ਜੋ ਮਾਂ ਬੋਲੀ ਪੰਜਾਬੀ ਦੀ ਸਹੀ ਅਰਥਾਂ ਵਿਚ ਸੇਵਾ ਨਿਭਾਅ ਰਹੇ ਸਾਹਿਤਕਾਰ ਹੀ ਇਨ੍ਹਾਂ ਇਨਾਮਾਂ ਨਾਲ ਨਵਾਜੇ ਜਾ ਸਕਣ, ਨਾ ਕਿ ਲੇਖਕਾਂ ਦੇ ਧੜਿਆਂ ਨਾਲ ਸਬੰਧਤ ਜਾਂ ਕਿਸੇ ਸਿਆਸੀ ਧਿਰ ਦਾ ਥਾਪੜਾ ਪ੍ਰਾਪਤ ਸਾਹਿਤਕਾਰ।

ਮਾਂ ਬੋਲੀ ਪੰਜਾਬੀ ਦੇ ਇੱਕ ਸੱਚੇ ਸਪੂਤ ਹੋਣ ਦੇ ਨਾਤੇ, ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਨੂੰ ਆਪ ਤੇ ਵੱਡੀਆਂ ਆਸਾਂ ਹਨ। ਉਮੀਦ ਹੈ ਤੁਸੀਂ ਉਨ੍ਹਾਂ ਆਸਾਂ ਤੇ ਪੂਰੇ ਉੱਤਰਦੇ ਹੋਏ, ਪੰਜਾਬ ਦੀਆਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸਥਾਪਿਤ ਸੰਸਥਾਵਾਂ ਵਿਚ ਫੈਲੇ ਭਾਈ-ਭਤੀਜਾਵਾਦ ਦੇ ਰੁਝਾਨ ਨੂੰ ਠੱਲ ਪਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਓਗੇ।

ਉਸਾਰੂ ਹੁੰਗਾਰੇ ਦੀ ਉਮੀਦ ਨਾਲ।

ਪ੍ਰਾਰਥੀ

ਮਿੱਤਰ ਸੈਨ ਮੀਤ
ਸੰਚਾਲਕ, ਪੰਜਾਬ

ਮੋਤਾ ਸਿੰਘ ਝੀਤਾ
ਸੰਚਾਲਕ, ਕੈਨੇਡਾ

**ਉਤਾਰਾ:**

1. ਕੈਬਨਿਟ ਮੰਤਰੀ, ਉੱਚ ਸਿੱਖਿਆ ਅਤੇ ਭਾਸ਼ਾ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ, ਉੱਚ ਸਿੱਖਿਆ ਅਤੇ ਭਾਸ਼ਾ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ। ਰਾਹੀਂ Email ID: pshe@punjab.gov.in
3. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ। ਰਾਹੀਂ Email ID: dir.lang@punjab.gov.in